# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


No. PSBTE&IT/2026/ /7/ 2107 Dated: 15/04/26

ਵੱਲ

ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ

ਪੰਜਾਬ

**ਵਿਸ਼ਾ: NCVT CBT ਪ੍ਰੀਖਿਆਵਾਂ ਵਿੱਚ ਥਿਊਰੀ ਵਿਸ਼ਿਆਂ ਦੇ ਘੱਟ ਪਾਸ ਪ੍ਰਤੀਸ਼ਤਤਾ ਸਬੰਧ ਵਿੱਚ ਸੁਧਾਰਾਤਮਕ ਕਦਮ।**

ਉਪਰੋਕਤ ਵਿਸ਼ੇ ਸਨਮੁਖ ਮਾਨਯੋਗ ਵਧੀਕ ਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਨਤੀਜਿਆਂ ਦੇ ਵਿਸ਼ਲੇਸ਼ਣ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ NCVT ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੀ ਥਿਊਰੀ ਵਿਸ਼ਿਆਂ ਦੀ ਪਾਸ ਪ੍ਰਤੀਸ਼ਤਤਾ, ਪ੍ਰੈਕਟੀਕਲ ਵਿਸ਼ਿਆਂ ਦੇ ਮੁਕਾਬਲੇ ਕਾਫੀ ਘੱਟ ਰਹੀ ਹੈ।

ਇਹਨਾਂ ਨਤੀਜਿਆਂ ਵਿੱਚ ਸੁਧਾਰ ਲਿਆਉਣ ਲਈ ਪੰਜਾਬ ਰਾਜ ਦੀਆਂ ਸਮੂਹ ਸੰਸਥਾਵਾਂ ਨੂੰ ਹੇਠ ਲਿਖੇ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ:-

1. ਮੌਕ ਟੈਸਟ ਦਾ ਆਯੋਜਨ (Mock Test)
   - ਪੰਜਾਬ ਰਾਜ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ 15 ਮਈ ਦੇ ਆਸ-ਪਾਸ ਪੂਰੇ ਸਿਲੇਬਸ ਵਿਚੋਂ ਇੱਕ ਮੌਕ ਟੈਸਟ ਕਰਵਾਇਆ ਜਾਵੇ।
   - ਇਹ ਟੈਸਟ ਬਿਲਕੁਲ CBT(Computer Based Test) ਦੇ ਪੈਟਰਨ ਤੇ ਹੋਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਪ੍ਰੀਖਿਆ ਦੇ ਫਾਰਮੈਟ ਅਤੇ ਸਮੇਂ ਦੇ ਪ੍ਰਬੰਧਨ ਤੋਂ ਜਾਣੂ ਹੋ ਸਕਣ।
2. ਨਤੀਜਿਆਂ ਦਾ ਵਿਸ਼ਲੇਸ਼ਣ ਅਤੇ ਰਿਮੀਡੀਅਲ ਕਲਾਸਾਂ(Remedial Classes)
   - ਮੌਕ ਟੈਸਟ ਦੇ ਨਤੀਜਿਆਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਜਾਵੇ।
   - ਜਿਨ੍ਹਾਂ ਵਿਸ਼ਿਆਂ ਜਾਂ ਟਾਪਿਕਸ ਵਿੱਚ ਵਿਦਿਆਰਥੀ ਘੱਟ ਅੰਕ ਪ੍ਰਾਪਤ ਕਰਦੇ ਹਨ, ਉਨ੍ਹਾਂ ਲਈ ਤੁਰੰਤ ਰਿਮਿਡੀਅਲ ਕਲਾਸਾਂ (Remedial Classes) ਦਾ ਪ੍ਰਬੰਧ ਕੀਤਾ ਜਾਵੇ।
   - ਇਨ੍ਹਾਂ ਕਲਾਸਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਥਿਊਰੀ ਸੰਕਲਪਾਂ(Concepts) ਨੂੰ ਸਪੱਸ਼ਟ ਕਰਨਾ ਹੈ ਤਾਂ ਜੋ ਅੰਤਿਮ ਪ੍ਰੀਖਿਆ ਵਿੱਚ ਪਾਸ ਪ੍ਰਤੀਸ਼ਤਤਾ ਨੂੰ ਵਧਾਇਆ ਜਾ ਸਕੇ।
3. ਸੰਸਥਾ ਮੁਖੀਆਂ ਦੀ ਜਿੰਮੇਵਾਰੀ
   - ਸਮੂਹ ਸੰਸਥਾ ਮੁਖੀ ਇਹ ਯਕੀਨੀ ਬਣਾਉਣਗੇ ਕਿ ਕੋਈ ਵੀ ਵਿਦਿਆਰਥੀ ਇਸ ਮੌਕ ਪ੍ਰੀਖਿਆ ਤੋਂ ਵਾਂਝਾ ਨਾ ਰਹੇ। ਸਮੂਹ ਸੰਸਥਾ ਮੁਖੀ ਇਨ੍ਹਾਂ ਹਦਾਇਤਾਂ ਦੀ ਸਖਤੀ ਨਾਲ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣ।

ਇਸ ਤੋਂ ਇਲਾਵਾ ਇਹ ਵੀ ਕਿ ਸਿਖਿਆਰਥੀਆਂ ਲਈ ਪ੍ਰੀਖਿਆਵਾਂ ਦੀ ਤਿਆਰੀ ਲਈ ਬੋਰਡ ਦਫਤਰ ਵਲੋਂ ਬੋਰਡ ਦੀ ਵੈਬਸਾਇਟ ਤੇ ਵੱਖ-ਵੱਖ ਟਰੇਡਾਂ ਦੇ ਪ੍ਰਸ਼ਨ ਪੱਤਰ ਪਹਿਲਾਂ ਹੀ Question Bank ਵਿੱਚ ਅਪਲੋਡ ਕੀਤੇ ਗਏ ਹਨ ਜੀ।

ਕੰਟਰੋਲਰ ਪ੍ਰੀਖਿਆਵਾਂ

(ਆਈ.ਟੀ.ਆਈ)